ਕਿਸਾਨਾਂ ਵੱਲੋਂ ਸਰਕਾਰ ’ਤੇ ਮੰਨੀਆਂ ਮੰਗਾਂ ਤੋਂ ਮੁੱਕਰਨ ਦਾ ਦੋਸ਼

ਸੰਯੁਕਤ ਕਿਸਾਨ ਮੋਰਚਾ ਵੱਲੋਂ 26 ਨਵੰਬਰ ਨੂੰ ਪੰਜਾਬ ਵਿੱਚ ਚਾਰ ਥਾਵਾਂ ’ਤੇ ਵੱਡੀਆਂ ਰੈਲੀਆਂ ਕਰਨ ਦਾ ਐਲਾਨ

ਗੁਰਿੰਦਰ ਸਿੰਘ
ਲੁਧਿਆਣਾ, 3 ਨਵੰਬਰ

ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ ਪੰਜਾਬ ਸਰਕਾਰ ’ਤੇ ਚੰਡੀਗੜ੍ਹ ਮੋਰਚੇ ਦੌਰਾਨ ਮੰਨੀਆਂ ਮੰਗਾਂ ਬਾਰੇ ਵਿਧਾਨ ਸਭਾ ਵਿੱਚ ਮਤਾ ਲਿਆਉਣ ਤੋਂ ਮੁਕਰਨ ਦਾ ਦੋਸ਼ ਲਗਾਉਂਦਿਆਂ 26 ਨਵੰਬਰ ਨੂੰ ਪੰਜਾਬ ਵਿੱਚ ਚਾਰ ਥਾਵਾਂ ’ਤੇ ਵੱਡੀਆਂ ਰੈਲੀਆਂ ਕਰਨ ਦਾ ਐਲਾਨ ਕੀਤਾ ਹੈ।

ਇੱਥੇ ਕਿਸਾਨ ਮੋਰਚੇ ਦੀ ਹਰਿੰਦਰ ਸਿੰਘ ਲੱਖੋਵਾਲ, ਬਲਕਰਨ ਸਿੰਘ ਬਰਾੜ ਅਤੇ ਗੁਰਮੀਤ ਸਿੰਘ ਮਹਿਮਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਬੀਜ ਅਤੇ ਬਿਜਲੀ ਬਿੱਲ ਰੱਦ ਕਰਨ, ਭਾਰਤ ਅਮਰੀਕਾ ਵਪਾਰ ਸਮਝੌਤਾ ਰੱਦ ਕਰਨ ਦੇ ਮਤੇ ਵਿਧਾਨ ਸਭਾ ਵਿੱਚ ਲਿਆਉਣ ਦਾ ਵਾਅਦਾ ਕੀਤਾ ਗਿਆ ਸੀ ਪਰ ਸਰਕਾਰ ਕੀਤੇ ਵਾਧੇ ਅਨੁਸਾਰ ਇੱਕ ਵੀ ਮਤਾ ਵਿਧਾਨ ਸਭਾ ਵਿੱਚ ਨਾ ਲਿਆ ਸਕੀ।


ਮੀਟਿੰਗ ’ਚ ਹਾਜ਼ਰ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂ। -ਫੋਟੋ: ਇੰਦਰਜੀਤ ਵਰਮਾ

ਕਿਸਾਨ ਆਗੂਆਂ ਬਲਬੀਰ ਸਿੰਘ ਰਾਜੇਵਾਲ, ਬੂਟਾ ਸਿੰਘ ਬੁਰਜਗਿੱਲ, ਰਮਿੰਦਰ ਸਿੰਘ ਪਟਿਆਲਾ ਅਤੇ ਹਰਮੀਤ ਸਿੰਘ ਕਾਦੀਆਂ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਭਾਰਤ ਵੱਲੋਂ 26 ਨਵੰਬਰ ਨੂੰ ਦਿੱਲੀ ਅੰਦੋਲਨ ਦੀ ਵਰ੍ਹੇਗੰਢ ਮੌਕੇ ਦੇਸ਼ ਭਰ ਵਿੱਚ ਸੰਘਰਸ਼ ਤੇਜ਼ ਕਰਨ ਦਾ ਫ਼ੈਸਲਾ ਕੀਤਾ ਸੀ। ਕੇਂਦਰ ਸਰਕਾਰ ਨੇ ਦਿੱਲੀ ਅੰਦੋਲਨ ਦੌਰਾਨ ਸਾਰੀਆਂ ਫਸਲਾਂ ’ਤੇ ਐੱਮ ਐੱਸ ਪੀ ਦਾ ਗਰੰਟੀ ਕਾਨੂੰਨ ਬਣਾਉਣ, ਕਿਸਾਨਾਂ ਦੀ ਕਰਜ਼ਾ ਮੁਆਫ਼ੀ ਅਤੇ ਹੋਰ ਮੰਗਾਂ ’ਤੇ ਲਿਖਤੀ ਭਰੋਸਾ ਦਿੱਤਾ ਸੀ, ਜੋ ਅੱਜ ਤੱਕ ਪੂਰਾ ਨਹੀਂ ਕੀਤਾ ਗਿਆ। ਇਸ ਦੇ ਰੋਸ ਵਜੋਂ 26 ਨਵੰਬਰ ਨੂੰ ਬਠਿੰਡਾ, ਪਟਿਆਲਾ, ਜਲੰਧਰ ਅਤੇ ਅੰਮ੍ਰਿਤਸਰ ਵਿੱਚ ਵੱਡੀਆਂ ਰੈਲੀਆਂ ਕੀਤੀਆਂ ਜਾਣਗੀਆਂ, ਜਿਨ੍ਹਾਂ ਨੂੰ ਕੌਮੀ ਆਗੂ ਸੰਬੋਧਨ ਕਰਨਗੇ।

ਜ਼ਮੀਨੀ ਵਿਵਾਦ ਕਾਰਨ ਮਤਰੇਏ ਭਰਾ ਦੀ ਹੱਤਿਆ

ਯੂਥ ਕਾਂਗਰਸ ਦਾ ਹਲਕਾ ਇੰਚਾਰਜ ਸੀ ਲਵਪ੍ਰੀਤ ਸਿੰਘ

ਭੁਪਿੰਦਰ ਪੰਨੀਵਾਲੀਆ
ਕਾਲਾਂਵਾਲੀ, 3 ਨਵੰਬਰ

ਪਿੰਡ ਕਾਲਾਂਵਾਲੀ ਵਿੱਚ ਅੱਜ ਯੂਥ ਕਾਂਗਰਸ ਦੇ ਹਲਕਾ ਇੰਚਾਰਜ ਦੀ ਉਸ ਦੇ ਮਤਰੇਏ ਭਰਾ ਨੇ ਹੱਤਿਆ ਕਰ ਦਿੱਤੀ। ਵਾਰਦਾਤ ਵਿੱਚ ਮ੍ਰਿਤਕ ਦਾ ਪਿਓ ਵੀ ਜ਼ਖ਼ਮੀ ਹੋ ਗਿਆ। ਮ੍ਰਿਤਕ ਦੀ ਪਛਾਣ ਲਵਪ੍ਰੀਤ ਸਿੰਘ ਵਜੋਂ ਹੋਈ ਹੈ। ਮੁਲਜ਼ਮ ਵਾਰਦਾਤ ਤੋਂ ਬਾਅਦ ਫ਼ਰਾਰ ਹੋ ਗਿਆ।

ਪੁਲੀਸ ਦੀ ਮੁੱਢਲੀ ਜਾਂਚ ਵਿੱਚ ਪਤਾ ਲੱਗਿਆ ਹੈ ਕਿ ਲਵਪ੍ਰੀਤ ਸਿੰਘ ਅਤੇ ਉਸ ਦੇ ਮਤਰੇਏ ਭਰਾ ਗੁਰਲਾਲ ਸਿੰਘ ਵਿਚਕਾਰ ਜ਼ਮੀਨੀ ਵਿਵਾਦ ਸੀ। ਇਸ ਕਾਰਨ ਅੱਜ ਦੋਵੇਂ ਧਿਰਾਂ ਦਰਮਿਆਨ ਖੇਤ ’ਚ ਝੜਪ ਹੋ ਗਈ। ਲਵਪ੍ਰੀਤ ਸਿੰਘ ਨੂੰ ਡੰਡਿਆਂ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ। ਹਮਲੇ ਵਿੱਚ ਉਸ ਦੇ ਪਿਤਾ ਨਾਜਮ ਸਿੰਘ ਵੀ ਜ਼ਖ਼ਮੀ ਹੋ ਗਏ। ਨਾਜਮ ਸਿੰਘ ਦੇ ਦੋ ਵਿਆਹ ਹੋਏ ਸਨ। ਉਸ ਦੇ ਪਹਿਲੇ ਵਿਆਹ ਤੋਂ ਪੁੱਤਰ ਅਤੇ ਧੀ ਹੈ ਅਤੇ ਦੂਜੇ ਵਿਆਹ ਤੋਂ ਲਵਪ੍ਰੀਤ ਸਿੰਘ ਹੈ।

ਲਵਪ੍ਰੀਤ ਅਤੇ ਗੁਰਲਾਲ ਸਿੰਘ ਵੱਖ-ਵੱਖ ਰਹਿੰਦੇ ਹਨ। ਪਿੰਡ ਵਾਸੀਆਂ ਅਨੁਸਾਰ ਨਾਜਮ ਸਿੰਘ ਕੋਲ ਲਗਭਗ 55 ਏਕੜ ਜ਼ਮੀਨ ਹੈ। ਦੋਵੇਂ ਭਰਾ ਇਸ ਜ਼ਮੀਨ ਦੀ ਵੰਡ ਨੂੰ ਲੈ ਕੇ ਲੰਬੇ ਸਮੇਂ ਤੋਂ ਝਗੜਾ ਕਰ ਰਹੇ ਸਨ। ਇਸ ਵਿਵਾਦ ਕਾਰਨ ਦੋਵੇਂ ਭਰਾ ਖੇਤ ਵਿੱਚ ਝਗੜਾ ਕਰ ਬੈਠੇ ਅਤੇ ਝਗੜਾ ਇਸ ਹੱਦ ਤੱਕ ਵੱਧ ਗਿਆ ਕਿ ਲਵਪ੍ਰੀਤ ਸਿੰਘ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਕਾਲਾਂਵਾਲੀ ਪੁਲੀਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੇ ਜੀਜੇ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਦੋ ਤੋਂ ਤਿੰਨ ਮਹੀਨਿਆਂ ਤੋਂ ਮੁਲਜ਼ਮ ਉਸ ਦੇ ਸਾਲੇ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਿਹਾ ਸੀ।

ਪੰਜਾਬ ਵਿੱਚ ਕਣਕ ਦੀ ਬਿਜਾਈ ਸ਼ੁਰੂ

ਕਿਸਾਨਾਂ ਨੂੰ ਹਾਲੇ ਤੱਕ ਸਬਸਿਡੀ ਵਾਲਾ ਬੀਜ ਨਹੀਂ ਮਿਲਿਆ

ਜੋਗਿੰਦਰ ਸਿੰਘ ਮਾਨ
ਮਾਨਸਾ, 3 ਨਵੰਬਰ

ਪੰਜਾਬ ’ਚ ਹਾੜ੍ਹੀ ਦੀ ਮੁੱਖ ਫ਼ਸਲ ਕਣਕ ਦੀ ਬਿਜਾਈ ਸ਼ੁਰੂ ਹੋ ਗਈ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਖੇਤੀ ਮਹਿਕਮੇ ਦੇ ਮਾਹਿਰਾਂ ਨੇ ਕਿਸਾਨਾਂ ਨੂੰ ਇਸ ਫ਼ਸਲ ਦੀ ਬਿਜਾਈ ਲਈ ਇਸ ਸਮੇਂ ਨੂੰ ਢੁੱਕਵਾਂ ਦੱਸਿਆ ਹੈ। ਮਾਲਵਾ ਖੇਤਰ ਵਿੱਚ ਹਮੇਸ਼ਾ ਖੇਤੀ ਮਾਹਿਰਾਂ ਵੱਲੋਂ ਕਿਸਾਨਾਂ ਨੂੰ ਨਵੰਬਰ ਦੇ ਪਹਿਲੇ ਹਫ਼ਤੇ ਬਿਜਾਈ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਹਾਲਾਂਕਿ ਸਹਿਕਾਰੀ ਸਭਾਵਾਂ ਸਮੇਤ ਖੇਤੀ ਵਿਭਾਗ ਕੋਲ ਅਜੇ ਤੱਕ ਕਣਕ ਦਾ ਬੀਜ ਨਹੀਂ ਪੁੱਜਿਆ। ਅਧਿਕਾਰੀਆਂ ਵੱਲੋਂ ਪਨਸੀਡ ਅਤੇ ਹੋਰ ਸਰਕਾਰੀ ਤੇ ਪ੍ਰਾਈਵੇਟ ਕੰਪਨੀਆਂ ਦੇ ਸੁਧਰੇ ਬੀਜ ਕਿਸਾਨਾਂ ਨੂੰ ਮੁਹੱਈਆ ਕਰਵਾਉਣ ਲਈ ਉਪਰਾਲੇ ਯਤਨ ਕੀਤੇ ਜਾ ਰਹੇ ਹਨ। ਖੇਤੀਬਾੜੀ ਮਹਿਕਮੇ ਦੇ ਮਾਹਿਰਾਂ ਨੇ ਕਿਸਾਨਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਚੰਗੇ ਝਾੜ ਲਈ ਇਸ ਫ਼ਸਲ ਦੀ ਬਿਜਾਈ ਨਵੰਬਰ ਦੂਜੇ ਹਫਤੇ ਤੱਕ ਕਰ ਲੈਣ। ਅਧਿਕਾਰੀਆਂ ਦਾ ਕਹਿਣਾ ਹੈ ਕਿ ਛੇਤੀ ਹੀ ਕਿਸਾਨਾਂ ਨੂੰ ਸਬਸਿਡੀ ਵਾਲਾ ਬੀਜ ਵੰਡ ਦਿੱਤਾ ਜਾਵੇਗਾ, ਜਦੋਂ ਕਿ ਨਵੇਂ ਬੀਜ ਦੀ ਕੋਈ ਵੀ ਤਕਲੀਫ਼ ਨਹੀਂ ਆਵੇਗੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਬਠਿੰਡਾ ਸਥਿਤ ਖੇਤਰੀ ਖੋਜ ਕੇਂਦਰ ਦੇ ਸੇਵਾਮੁਕਤ ਵਿਗਿਆਨੀ ਡਾ. ਜੀ ਐੱਸ ਰੋਮਾਣਾ ਨੇ ਦੱਸਿਆ ਕਿ ਕਿਸਾਨ ਕਣਕ ਦੀ ਬਿਜਾਈ ਵੇਲੇ 35 ਕਿਲੋ ਯੂਰੀਆ ਅਤੇ ਬੀਜ ਨੂੰ ਕਲੋਰਪੈਰੀਫਾਸ ਚਾਰ ਮਿਲੀਲਿਟਰ ਪ੍ਰਤੀ ਕਿਲੋ ਦੇ ਹਿਸਾਬ ਨਾਲ ਜ਼ਰੂਰ ਸੋਧ ਕੇ ਬੀਜਣ। ਇਸ ਵਾਰ ਯੂਨੀਵਰਸਿਟੀ ਵੱਲੋਂ 12 ਆਮ ਕਿਸਮਾਂ, 2 ਪਿਛੇਤੀਆਂ ਅਤੇ 3 ਬਰਾਨੀ ਕਿਸਮਾਂ ਵੀ ਬੀਜਣ ਦੀ ਸਿਫਾਰਸ਼ ਕੀਤੀ ਗਈ ਹੈ, ਪਰ ਕੋਈ ਨਵੀਂ ਕਿਸਮ ਦਾ ਬੀਜ ਨਹੀਂ ਜਾਰੀ ਕੀਤਾ ਗਿਆ।


ਪਿੰਡ ਭੈਣੀਬਾਘਾ ਵਿੱਚ ਕਣਕ ਬੀਜਦਾ ਹੋਇਆ ਕਿਸਾਨ।

ਕਲਾਸੀਫਾਈਡ

ਜਨਤਕ ਸੂਚਨਾ

ਮੈਂ ਨਰਿੰਦਰ ਕੌਰ ਸੋਢੀ ਪੁੱਤਰੀ ਗੁਰਮੀਤ ਸਿੰਘ, ਵਾਸੀ ਪਿੰਡ ਕਪਿਆਲ, ਤਹਿਸੀਲ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ (ਪੰਜਾਬ) ਨੇ ਆਪਣਾ ਨਾਂ ਬਦਲ ਕੇ ਨਰਿੰਦਰ ਕੌਰ ਰੱਖ ਲਿਆ ਹੈ। (CL26060075)

ਮੈਂ ਨੇਹਾ ਕਥੂਰੀਆ ਪਤਨੀ ਪਰਮਿੰਦਰ ਸਿੰਘ, ਵਾਸੀ ਮਕਾਨ ਨੰ: 213/2, ਭਾਟੜਿਆਂ ਮੁਹੱਲਾ, ਪਟਿਆਲਾ (ਪੰਜਾਬ) ਨੇ ਆਪਣਾ ਨਾਂ ਬਦਲ ਕੇ ਨੇਹਾ ਕੌਰ ਰੱਖ ਲਿਆ ਹੈ। (CL26060085)

ਕੋਰਟ ਨੋਟਿਸ

ਕੋਰਟ ਨੋਟਿਸ
(ਆਦੇਸ਼ 5 ਨਿਯਮ 20 ਸੀਪੀਸੀ ਅਧੀਨ)
ਬਾ-ਅਦਾਲਤ Ms. Ekta Sedha ਸਿਵਲ ਜੱਜ, (ਜੂਨੀਅਰ ਡਿਵੀਜ਼ਨ), ਲੁਧਿਆਣਾ।
ਸਵਰਨਜੀਤ ਸਿੰਘ ਜੌਹਲ ਪੁੱਤਰ ਜੋਗਿੰਦਰ ਸਿੰਘ, ਵਾਸੀ ਪਿੰਡ ਮੰਡਿਆਣੀ ਲੁਧਿਆਣਾ ਪੰਜਾਬ, ਹੁਣ ਨਿਵਾਸੀ 294 CORNER GLEN GDNS NE CALGARY AB T3N 2P2 CANADA ਮਾਰਫਤ ਅਧਿਕਾਰਤ ਵਿਅਕਤੀ SPA ਸੁਖਰਾਜ ਸਿੰਘ ਪੁੱਤਰ ਕਰਨੈਲ ਸਿੰਘ ਨਿਵਾਸੀ ਪਿੰਡ ਮੰਡਿਆਣੀ ਲੁਧਿਆਣਾ।
ਬਨਾਮ
ਆਮ ਜਨਤਾ
CNR No. PBLD02-007146-2026
ਅਗਲੀ ਪੇਸ਼ੀ: 30.11.2026
ਸੂਚਨਾ ਬਨਾਮ:
ਆਮ ਜਨਤਾ
ਉਕਤ ਕੇਸ ਵਿਚ ਪ੍ਰਤੀਵਾਦੀ ਦੀ ਤਾਮੀਲ ਨਹੀਂ ਹੋ ਸਕਦੀ। ਆਦੇਸ਼ ਦਿੱਤੇ ਜਾਂਦੇ ਹਨ ਕਿ ਪ੍ਰਤੀਵਾਦੀ 30.11.2026 ਨੂੰ ਸਵੇਰੇ 10.00 ਵਜੇ ਅਸਾਲਤਨ ਜਾਂ ਵਕਾਲਤਨ ਪੇਸ਼ ਹੋਣ। ਵੇਰਵੇ ਲਈ ਵੇਖੋ: https://highcourtchd.gov.in/?mod=district_notice & district=mogacourt
ਮਿਤੀ 31.10.2026 ਨੂੰ ਜਾਰੀ।
ਸਹੀ/- ਸਿਵਲ ਜੱਜ, (ਜੂਨੀਅਰ ਡਿਵੀਜ਼ਨ),
CL26056494 ਲੁਧਿਆਣਾ।

ਜ਼ਰੂਰੀ ਸੂਚਨਾ

ਦੀ ਟ੍ਰਿਬਿਊਨ ਟਰੱਸਟ ਇਸ ਅਖ਼ਬਾਰ ਵਿਚ ਛਪੇ ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।



ਬੱਚੀ ’ਤੇ ਹਮਲਾ: ਸਕੂਲ ’ਚ ਵਿਦਿਆਰਥੀ ਦੇ ਦਾਖ਼ਲੇ ਦੀ ਜਾਂਚ ਸ਼ੁਰੂ

ਬੱਚੇ ਦੀ ਮਾਨਸਿਕ ਸਥਿਤੀ ਸਪੱਸ਼ਟ ਹੋਣ ਮਗਰੋਂ ਅਗਲੀ ਕਾਰਵਾਈ ਹੋਵੇਗੀ

ਪੀ ਪੀ ਵਰਮਾ
ਪੰਚਕੂਲਾ, 3 ਨਵੰਬਰ

ਇਥੇ ਸਕੂਲ ਵਿੱਚ ਛੇ ਸਾਲਾ ਬੱਚੀ ’ਤੇ ਹਮਲਾ ਕਰਨ ਵਾਲੇ ਅੱਠ ਸਾਲ ਦੇ ਵਿਦਿਆਰਥੀ ਦੇ ਦਾਖ਼ਲੇ ਦੀ ਜਾਂਚ ਸ਼ੁਰੂ ਹੋ ਗਈ ਹੈ। ਵਿਦਿਆਰਥੀ ਇਸ ਸਮੇਂ ਬਾਲ ਸੁਰੱਖਿਆ ਘਰ ਵਿੱਚ ਹੈ, ਜਿੱਥੇ ਉਸ ਦੀ ਕਾਊਂਸਲਿੰਗ ਕੀਤੀ ਜਾ ਰਹੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਬੱਚੇ ਦੀ ਮਾਨਸਿਕ ਸਥਿਤੀ ਸਪੱਸ਼ਟ ਹੋਣ ਤੱਕ ਉਸ ਦੇ ਭਵਿੱਖ ਬਾਰੇ ਕੋਈ ਫ਼ੈਸਲਾ ਨਹੀਂ ਲਿਆ ਜਾ ਸਕਦਾ। ਡਾਕਟਰਾਂ ਦੀਆਂ ਰਿਪੋਰਟਾਂ ਦੀ ਉਡੀਕ ਹੈ। ਵਿਦਿਆਰਥੀ ਦੇ ਦਾਖ਼ਲੇ ਸਮੇਂ ਜਮ੍ਹਾਂ ਕਰਵਾਏ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਬਾਲ ਕਮਿਸ਼ਨ ਨੇ ਸਵਾਲ ਕੀਤਾ ਕਿ ਕੀ ਸਕੂਲ ਵਿੱਚ ਬੱਚੇ ਦੇ ਦਾਖ਼ਲੇ ਸਮੇਂ ਵਿਹਾਰਕ ਜਾਂਚ ਕੀਤੀ ਗਈ ਸੀ ਅਤੇ ਕੀ ਉਸ ਦੇ ਵਿਹਾਰ ਬਾਰੇ ਕੋਈ ਸ਼ਿਕਾਇਤ ਮਿਲੀ ਸੀ?

ਸਿੱਖਿਆ ਡਾਇਰੈਕਟਰ ਨੂੰ ਭੇਜੀ ਜਾਵੇਗੀ ਜਾਂਚ ਦੀ ਰਿਪੋਰਟ

ਉਪ ਸਿੱਖਿਆ ਅਧਿਕਾਰੀ ਸੁਮਨ ਚੌਧਰੀ ਦੀ ਅਗਵਾਈ ਵਾਲੀ ਕਮੇਟੀ ਨੇ ਘਟਨਾ ਤੋਂ ਬਾਅਦ ਜਾਂਚ ਪ੍ਰਕਿਰਿਆ ਦੀ ਸਮੀਖਿਆ ਵੀ ਕੀਤੀ। ਇਸ ਵਿੱਚ ਲੜਕੀ ਨੂੰ ਸਕੂਲ ਤੋਂ ਹਸਪਤਾਲ ਲਿਜਾਣ ਲਈ ਲੱਗਿਆ ਸਮਾਂ, ਉਸ ਦਾ ਰੈਫਰਲ ਅਤੇ ਪੀ ਜੀ ਆਈ ਵਿੱਚ ਸ਼ੁਰੂ ਹੋਇਆ ਇਲਾਜ ਸ਼ਾਮਲ ਹੈ। ਉਪ ਸਿੱਖਿਆ ਅਧਿਕਾਰੀ ਸੁਮਨ ਚੌਧਰੀ ਨੇ ਕਿਹਾ ਕਿ ਜ਼ਿਲ੍ਹਾ ਸਿੱਖਿਆ ਅਧਿਕਾਰੀ ਦੀ ਅਗਵਾਈ ਵਾਲੀ ਟੀਮ ਨੇ ਸਕੂਲ ਦਾ ਦੌਰਾ ਕੀਤਾ। ਸਾਰੇ ਸਬੰਧਤ ਪਹਿਲੂਆਂ ਦੀ ਜਾਂਚ ਕੀਤੀ ਗਈ ਹੈ। ਮੁਅੱਤਲ ਪ੍ਰਿੰਸੀਪਲ ਅਤੇ ਅਧਿਆਪਕਾਂ ਤੋਂ ਵੀ ਪੁੱਛ-ਪੜਤਾਲ ਕੀਤੀ ਗਈ ਹੈ। ਜਾਂਚ ਦੇ ਆਧਾਰ ’ਤੇ ਰਿਪੋਰਟ ਤਿਆਰ ਕਰ ਕੇ ਸਿੱਖਿਆ ਡਾਇਰੈਕਟਰ ਨੂੰ ਭੇਜੀ ਜਾਵੇਗੀ।

ਹਰਿਆਣਾ ਤੋਂ ਬਿਹਾਰ ਨੂੰ ਸਿੱਧੀਆਂ ਰੋਡਵੇਜ਼ ਦੀਆਂ ਬੱਸਾਂ ਚੱਲਣਗੀਆਂ

ਪੱਤਰ ਪ੍ਰੇਰਕ
ਪੰਚਕੂਲਾ, 3 ਨਵੰਬਰ

ਹਰਿਆਣਾ ਅਤੇ ਬਿਹਾਰ ਵਿਚਕਾਰ ਬੱਸ ਸੰਚਾਲਨ ਲਈ ਨਵਾਂ ਸਮਝੌਤਾ ਹੋ ਰਿਹਾ ਹੈ। ਇਸ ਤਹਿਤ ਸਿਰਫ ਸਰਕਾਰੀ ਟਰਾਂਸਪੋਰਟ ਕਾਰਪੋਰੇਸ਼ਨਾਂ ਦੁਆਰਾ ਚਲਾਈਆਂ ਜਾਣ ਵਾਲੀਆਂ ਬੱਸਾਂ ਨੂੰ ਦੋਵਾਂ ਰਾਜਾਂ ਵਿਚਕਾਰ 12 ਨਿਰਧਾਰਤ ਰੂਟਾਂ ’ਤੇ ਚੱਲਣ ਦੀ ਆਗਿਆ ਹੋਵੇਗੀ। ਬੱਸਾਂ ਦੀ ਵੱਧ ਤੋਂ ਵੱਧ ਉਮਰ 10 ਸਾਲ ਨਿਰਧਾਰਤ ਕੀਤੀ ਗਈ ਹੈ।

ਨਵੇਂ ਨਿਯਮਾਂ ਵਿੱਚ ਪਰਮਿਟ, ਕਿਰਾਏ ਅਤੇ ਟੈਕਸਾਂ ਦੇ ਨਾਲ-ਨਾਲ ਯਾਤਰੀ ਸੁਰੱਖਿਆ ਸਬੰਧੀ ਹੋਰ ਜ਼ਰੂਰਤਾਂ ਸ਼ਾਮਲ ਹਨ। ਕੰਟਰੈਕਟ ਵਾਹਨਾਂ ਨੂੰ ਵੱਧ ਤੋਂ ਵੱਧ 15 ਦਿਨਾਂ ਲਈ ਅਸਥਾਈ ਪਰਮਿਟ ਮਿਲੇਗਾ। ਪ੍ਰਸਤਾਵਿਤ ਸਮਝੌਤੇ ਦੇ ਲਾਗੂ ਹੋਣ ਨਾਲ ਗੁਰੂਗ੍ਰਾਮ, ਪਾਣੀਪਤ ਅਤੇ ਅੰਬਾਲਾ ਬਿਹਾਰ ਦੇ ਪ੍ਰਮੁੱਖ ਸ਼ਹਿਰਾਂ ਨਾਲ ਜੁੜਨਗੇ, ਜਿਨ੍ਹਾਂ ਵਿੱਚ ਪਟਨਾ, ਗਯਾ, ਪੂਰਨੀਆ ਅਤੇ ਮਧੂਬਨੀ ਸ਼ਾਮਲ ਹਨ। ਇਨ੍ਹਾਂ ਰੂਟਾਂ ਦੀ ਦੂਰੀ 1,044 ਤੋਂ 1,470 ਕਿਲੋਮੀਟਰ ਤੱਕ ਹੈ। ਹਰਿਆਣਾ ਸਰਕਾਰ ਨੇ ਇਸ ਸਬੰਧ ਵਿੱਚ ਅੰਤਰਰਾਜੀ ਆਵਾਜਾਈ ਸਮਝੌਤੇ ਦਾ ਖਰੜਾ ਜਾਰੀ ਕੀਤਾ ਹੈ। ਸਰਕਾਰ ਨੇ 30 ਦਿਨਾਂ ਦੇ ਅੰਦਰ ਜਨਤਾ ਅਤੇ ਹਿੱਸੇਦਾਰਾਂ ਤੋਂ ਇਤਰਾਜ਼ ਅਤੇ ਸੁਝਾਅ ਮੰਗੇ ਹਨ।

ਹਰਿਆਣਾ ਗੁਰਦੁਆਰਾ ਕਮੇਟੀ ਵੱਲੋਂ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ ’ਚ ਵਾਧਾ

ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ, 3 ਨਵੰਬਰ

ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਗੁਰਦੁਆਰਾ ਕਮੇਟੀ ਦੇ ਕਰਮਚਾਰੀਆਂ ਨੂੰ ਦੀਵਾਲੀ ’ਤੇ ਮਹਿੰਗਾਈ ਭੱਤਾ ਦੇਣ ਦਾ ਫੈਸਲਾ ਕੀਤਾ ਹੈ। ਕਰਮਚਾਰੀਆਂ ਨੂੰ ਮਹਿੰਗਾਈ ਭੱਤੇ ਦੀ ਕਿਸ਼ਤ ਦੇਣ ਦਾ ਐਲਾਨ ਜਥੇਦਾਰ ਝੀਂਡਾ ਨੇ ਆਪਣੇ ਦਫਤਰ ਵਿਚ ਪ੍ਰੈਸ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਕਮੇਟੀ ਦੇ ਕਰਮਚਾਰੀਆਂ ਨੂੰ ਤਿੰਨ-ਤਿੰਨ ਹਜ਼ਾਰ ਰੁਪਏ ਦੀਵਾਲੀ ਬੋਨਸ ਦੇਣ ਦਾ ਐਲਾਨ ਵੀ ਕੀਤਾ ਹੈ।

ਪੰਜਾਬੀ ਵਾਧੂ ਵਿਸ਼ੇ ਦੀ ਤੀਜੀ ਤਿਮਾਹੀ ਦੀ ਪ੍ਰੀਖਿਆ 26 ਤੋਂ

ਐੱਸ ਏ ਐੱਸ ਨਗਰ (ਮੁਹਾਲੀ): ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਾਬੀ ਵਾਧੂ ਵਿਸ਼ਾ ਨਵੰਬਰ-2026 ਦੀ ਤੀਜੀ ਤਿਮਾਹੀ ਦੀ ਪ੍ਰੀਖਿਆ 26 ਅਤੇ 27 ਨਵੰਬਰ ਨੂੰ ਕਰਵਾਈ ਜਾਵੇਗੀ। ਪ੍ਰੀਖਿਆ ਫਾਰਮ ਬੋਰਡ ਦੀ ਵੈੱਬਸਾਈਟ ’ਤੇ ਅੱਜ ਤੋਂ ਉਪਲਬਧ ਹੋਣਗੇ। ਬੋਰਡ ਵੱਲੋਂ ਪ੍ਰੀਖਿਆ ਫਾਰਮ ਤੇ ਫੀਸ ਭਰਨ ਦੀ ਅੰਤਿਮ ਮਿਤੀ 17 ਨਵੰਬਰ ਅਤੇ ਸਿੱਖਿਆ ਬੋਰਡ ਦੇ ਮੁੱਖ ਦਫ਼ਤਰ ਮੁਹਾਲੀ ਵਿੱਤ ਪ੍ਰੀਖਿਆ ਫਾਰਮ ਦੀ ਹਾਰਡ ਕਾਪੀ ਜਮ੍ਹਾਂ ਕਰਵਾਉਣ ਦੀ ਆਖ਼ਰੀ ਤਰੀਕ 23 ਨਵੰਬਰ ਹੈ। ਰੋਲ ਨੰਬਰ ਬੋਰਡ ਵੀ ਵੈੱਬਸਾਈਟ ’ਤੇ 23 ਨਵੰਬਰ ਤੋਂ ਉਪਲਬਧ ਹੋਣਗੇ। ਪੰਜਾਬੀ-ਏ ਵਿਸ਼ੇ ਦੀ ਪ੍ਰੀਖਿਆ 26 ਨਵੰਬਰ ਨੂੰ ਅਤੇ ਪੰਜਾਬੀ-ਬੀ ਵਿਸ਼ੇ ਦੀ ਪ੍ਰੀਖਿਆ 27 ਨਵੰਬਰ ਨੂੰ ਕਰਵਾਈ ਜਾਵੇਗੀ। **-ਖੇਤਰੀ ਪ੍ਰਤੀਨਿਧ**

ਭਾਜਪਾ ਵੱਲੋਂ ਸਿੱਖ ਕਤਲੇਆਮ ਦੀ ਯਾਦ ਵਿੱਚ ਸੰਮੇਲਨ ਅੱਜ

ਚੰਡੀਗੜ੍ਹ (ਟਨਸ): ਪੰਜਾਬ ਭਾਜਪਾ ਵੱਲੋਂ ਸਿੱਖ ਕਤਲੇਆਮ ਦੀ ਯਾਦ ’ਚ ਭਲਕੇ 4 ਨਵੰਬਰ ਨੂੰ ਇੱਥੇ ‘ਜ਼ਖ਼ਮ 84 ਦੇ’ ਸੰਮੇਲਨ ਕਰਵਾਇਆ ਜਾਵੇਗਾ। ਭਾਜਪਾ ਦੇ ਸੂਬਾ ਜਨਰਲ ਸਕੱਤਰ ਰਜਨੀਸ਼ ਧੀਮਾਨ ਅਤੇ ਮੀਡੀਆ ਇੰਚਾਰਜ ਵਿਨੀਤ ਜੋਸ਼ੀ ਨੇ ਦੱਸਿਆ ਕਿ ਸਿੱਖ ਕਤਲੇਆਮ ਦੇ ਪੀੜਤ, ਚਸ਼ਮਦੀਦ ਗਵਾਹ, ਕਾਨੂੰਨੀ ਮਾਹਿਰ, ਸਾਬਕਾ ਜੱਜ, ਸਮਾਜਿਕ ਨੁਮਾਇੰਦੇ ਅਤੇ ਸਿਆਸੀ ਆਗੂ ਸ਼ਿਰਕਤ ਕਰਨਗੇ। ਇਸ ਦਾ ਮੁੱਖ ਮਕਸਦ ਕਤਲੇਆਮ ਨਾਲ ਜੁੜੇ ਤੱਥਾਂ ਨੂੰ ਨਵੀਂ ਪੀੜ੍ਹੀ ਦੇ ਰੂਬਰੂ ਕਰਨਾ, ਇਨਸਾਫ਼ ਦੀ ਲੰਮੀ ਲੜਾਈ ਦੇ ਤਜਰਬਿਆਂ ਨੂੰ ਸਾਂਝਾ ਕਰਨਾ ਅਤੇ ਪੀੜਤ ਪਰਿਵਾਰਾਂ ਦੇ ਮੁੜ ਵਸੇਬੇ ਲਈ ਕੀਤੇ ਯਤਨ ’ਤੇ ਚਰਚਾ ਕਰਨਾ ਹੈ। ਕਤਲੇਆਮ ਨਾਲ ਸਬੰਧਤ ਵਿਸ਼ੇਸ਼ ਦਸਤਾਵੇਜ਼ੀ ਅਤੇ ਫੋਟੋ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ ਜਾਵੇਗਾ।

ESAF
ESAF SMALL FINANCE BANK
REGD. OFFICE: ESAF Bhavan, Mannuthy, Thrissur- 680 651, Kerala

GOLD AUCTION NOTICE

Notice is hereby given for the information of all concerned that gold ornaments pledged with ESAF Small Finance Bank and not redeemed by borrowers, despite repeated reminders and notices, of our branches, are listed below. This will be auctioned as per the details given below:

DATE OF AUCTION: 17-11-2026 **TIME:** 2pm to 5 pm
AUCTION VENUE: Through e-Auction
AUCTION ADDRESS: https://egold.auctiontiger.net
Contact Number: 9099013705 / 6351896640

To register as bidder for the e-Auction with terms and conditions, and full details of e-Auction please visit the above site

BRANCH NAME - LOAN ACCOUNT NUMBER
Mohali: 63260000375753.

Customers who are interested to release the ornaments by paying the total due amount may do so, at the respective branches, on or two days before the date of the auction. Bidders who wish to participate in the auction shall produce their KYC documents. GST No. is mandatory for registered firms/companies. Bidders shall deposit a sum of Rs.50,000 as EMD before participating in the auction.

Place: Thrissur (Sd/-) Authorized Signatory
Date: 04-11-2026 ESAF Small Finance Bank Ltd.

ਪਬਲਿਕ ਨੋਟਿਸ

ਸ੍ਰੀ ਕੁਲਵੀਰ ਸਿੰਘ ਪੁੱਤਰ ਸ੍ਰੀ ਗੁਰਸੇਮ ਸਿੰਘ, ਵਾਸੀ ਤੋਲਾਵਾਲ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ, ਦਫਤਰ ਮੁੱਖ ਖੇਤੀਬਾੜੀ ਅਫਸਰ, ਲੁਧਿਆਣਾ ਅਧੀਨ ਪੈਂਦੇ ਦਫਤਰ ਭੌਂ ਪਰਖ ਅਫਸਰ, ਮਾਛੀਵਾੜਾ ਸਾਹਿਬ ਵਿਖੇ ਬਤੌਰ ਲੈਬਾਰਟਰੀ ਅਟੈਂਡੈਂਟ ਸੇਵਾ ਨਿਭਾਅ ਰਿਹਾ ਸੀ। ਕਰਮਚਾਰੀ ਮਿਤੀ 27.05.2025 ਤੋਂ ਗੈਰ-ਹਾਜ਼ਰ ਚੱਲ ਰਿਹਾ ਹੈ। ਕਰਮਚਾਰੀ ਨੂੰ ਮੁੱਖ ਖੇਤੀਬਾੜੀ ਅਫਸਰ, ਲੁਧਿਆਣਾ ਵੱਲੋਂ ਉਸ ਦੇ ਘਰੇਲੂ ਪਤੇ ’ਤੇ ਵੱਖ-ਵੱਖ ਪੱਤਰਾਂ ਰਾਹੀਂ ਹਾਜ਼ਰ ਹੋਣ ਲਈ ਆਖਿਆ ਗਿਆ। ਇਸ ਕਰਮਚਾਰੀ ਵੱਲੋਂ ਉਕਤ ਪੱਤਰ ਪ੍ਰਾਪਤ ਕਰਨ ਉਪਰੰਤ ਕੋਈ ਵੀ ਜਵਾਬ ਨਹੀਂ ਦਿੱਤਾ ਗਿਆ ਅਤੇ ਨਾ ਹੀ ਨਿੱਜੀ ਪੱਧਰ ’ਤੇ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕੀਤਾ ਗਿਆ। ਕਰਮਚਾਰੀ ਨੂੰ ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਸਬੰਧੀ ਦੋਸ਼ ਸੂਚੀ ਜਾਰੀ ਕੀਤੀ ਗਈ, ਜਿਸ ਵਿਚ ਸਰਕਾਰੀ ਨਿਯਮਾਂ ਅਨੁਸਾਰ ਸਹਾਇਕ ਤੇਲਬੀਜ ਪ੍ਰਸਾਰ ਅਫਸਰ, ਲੁਧਿਆਣਾ ਨੂੰ ਪੜਤਾਲ ਕਰਨ ਲਈ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲੀਆ ਅਫਸਰ ਵੱਲੋਂ ਕਰਮਚਾਰੀ ਦੇ ਗੈਰ-ਹਾਜ਼ਰ ਰਹਿਣ ਸਬੰਧੀ ਪੜਤਾਲੀਆ ਰਿਪੋਰਟ ਮੁੱਖ ਖੇਤੀਬਾੜੀ ਅਫਸਰ, ਲੁਧਿਆਣਾ ਨੂੰ ਪੇਸ਼ ਕਰ ਦਿੱਤੀ ਗਈ। ਮੁੱਖ ਖੇਤੀਬਾੜੀ ਅਫਸਰ, ਲੁਧਿਆਣਾ ਵੱਲੋਂ ਡਿਊਟੀ ਤੋਂ ਗੈਰ-ਹਾਜ਼ਰ ਹੋਣ ਕਰਕੇ ਪੱਖ ਰੱਖਣ ਲਈ ਕਿਹਾ ਗਿਆ, ਪ੍ਰੰਤੂ ਕਰਮਚਾਰੀ ਵੱਲੋਂ ਕੋਈ ਵੀ ਸਪਸ਼ਟੀਕਰਨ ਪੇਸ਼ ਨਹੀਂ ਕੀਤਾ ਗਿਆ। ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਕਰਮਚਾਰੀ ਵਿਰੁੱਧ ਅੰਤਿਮ ਕਾਰਵਾਈ ਕਰਨ ਤੋਂ ਪਹਿਲਾਂ ਇਕ ਵਾਰ ਪ੍ਰੈਸ ਰਾਹੀਂ ਨੋਟਿਸ ਦਿੱਤਾ ਜਾਂਦਾ ਹੈ ਕਿ ਅਗਰ ਕਰਮਚਾਰੀ ਆਪਣੇ ਪੱਖ ਵਿਚ ਕੁਝ ਕਹਿਣਾ ਚਾਹੁੰਦਾ ਹੈ ਤਾਂ ਉਹ ਇਸ ਨੋਟਿਸ ਦੇ ਛਪਣ ਤੋਂ 20 ਦਿਨਾਂ ਦੇ ਅੰਦਰ-ਅੰਦਰ ਨਿੱਜੀ ਤੌਰ ’ਤੇ ਪੜਤਾਲੀਆ ਅਫਸਰ ਕੋਲ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰ ਸਕਦਾ ਹੈ। ਅਗਰ ਕਰਮਚਾਰੀ ਮਿਥੇ ਸਮੇਂ ਦੌਰਾਨ ਅਜਿਹਾ ਨਾ ਕਰਨ ਤੋਂ ਅਸਮਰਥ ਰਹਿੰਦਾ ਹੈ ਤਾਂ ਇਹ ਸਮਝ ਲਿਆ ਜਾਵੇਗਾ ਕਿ ਕਰਮਚਾਰੀ ਨੌਕਰੀ ਕਰਨ ਦਾ ਇੱਛੁਕ ਨਹੀਂ ਹੈ ਅਤੇ ਉਸ ਖ਼ਿਲਾਫ਼ ਇਕਤਰਫ਼ਾ ਕਾਰਵਾਈ ਕਰਦੇ ਹੋਏ ਉਸ ਦੀਆਂ ਸੇਵਾਵਾਂ ਜਿਸ ਤੋਂ ਉਹ ਡਿਊਟੀ ਤੋਂ ਗੈਰ-ਹਾਜ਼ਰ ਹੈ, ਖਤਮ ਕਰ ਦਿੱਤੀਆਂ ਜਾਣਗੀਆਂ।

DPR/Pb/2812/12/2026-27/16740 **ਸਹੀ/- ਮੁੱਖ ਖੇਤੀਬਾੜੀ ਅਫਸਰ, ਲੁਧਿਆਣਾ।**

ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ
(ਪੰਜਾਬ ਸਰਕਾਰ ਦਾ ਇਕ ਅਦਾਰਾ)
ਰਜਿ: ਦਫਤਰ:- ਐਸ:ਸੀ:ਓ: ਨੰ: 36-40, ਸੈਕਟਰ-34-ਏ, ਚੰਡੀਗੜ੍ਹ
ਟੈਂਡਰ ਸੱਦਾ ਸੂਚਨਾ

ਟੈਂਡਰ ਸੂਚਨਾ ਨੰ: ...... ਮਿਤੀ: 03.11.2026

ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ (ਪਨਸਪ) ਵੱਲੋਂ ਮੈਨਪਾਵਰ ਦੀ ਡਿਪਲੋਏਮੈਂਟ ਲਈ ਯੋਗ ਆਊਟਸੋਰਸ ਏਜੰਸੀ ਹਾਇਰ ਕਰਨ ਵਾਸਤੇ ਕਿਰਤ ਸੂਚਨਾ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਪ੍ਰਤੀਬੰਧਾਂ ਲਈ ਵੈੱਬਸਾਈਟ **https://punsup.punjab.gov.in ਅਤੇ https://eproc.punjab.gov.in** ਵੇਖੋ (ਮਿਤੀ: 03.11.2026 ਤੋਂ)।

ਸ਼ੁੱਧੀਪੱਤਰ ਜੇਕਰ ਕੋਈ ਹੋਵੇ, ਸਿਰਫ ਵੈੱਬਸਾਈਟ ’ਤੇ ਹੀ ਜਾਰੀ ਕੀਤਾ ਜਾਵੇਗਾ।

DPR/Pb/1890/12/2026-27/16765 **ਸਹੀ/- ਮੈਨੇਜਿੰਗ ਡਾਇਰੈਕਟਰ।**

pstcl
ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
ਕਾਰਪੋਰੇਟ ਪਛਾਣ ਨੰਬਰ: U4010PB2010SGC033814 www.pstcl.org
O/o SE/TS (D), **ਟੈਲੀਫੈਕਸ:** 0175-2207774, **ਈ-ਮੇਲ:** se-trd@pstcl.org
ਈ-ਟੈਂਡਰ ਨੂੰ ਸੱਦਾ ਦੇਣ ਦਾ ਨੋਟਿਸ

1. ਟੈਂਡਰ ਦੀ ਕਿਸਮ/ਟੀਈ ਨੰ.	ਖੁੱਲ੍ਹਾ ਟੈਂਡਰ (ਛੋਟੀ ਮਿਆਦ) /STQ-2105
ਟੈਂਡਰ ਦੇਣ ਵਾਲੇ ਦਫ਼ਤਰ ਦਾ ਨਾਮ ਅਤੇ ਪੂਰਾ ਪਤਾ	ਮੁੱਖ ਇੰਜੀਨੀਅਰ/ਟੀਐਸ, ਤੀਜੀ ਮੰਜ਼ਿਲ, ਸ਼ਕਤੀ ਸਦਨ, ਪੀਐਸਟੀਸੀਐਲ, ਪਟਿਆਲਾ।
ਕੰਮ ਦਾ ਘੇਰਾ	220 KV ਟਰਾਂਸਮਿਸ਼ਨ ਸਿਸਟਮ ਲਈ ਕੰਪੋਜ਼ਿਟ ਪੋਲੀਮਰ ਲੌਂਗ ਰਾਡ ਇੰਸੂਲੇਟਰਾਂ (CPLRI) ਦੇ ਡਿਜ਼ਾਈਨ, ਨਿਰਮਾਣ, ਟੈਸਟਿੰਗ, ਸਪਲਾਈ ਅਤੇ ਡਿਲੀਵਰੀ ਲਈ ਸਪੈਸੀਫਿਕੇਸ਼ਨਾਂ।
ਡਾਊਨਲੋਡ ਕਰਨ ਦੀ ਸ਼ੁਰੂਆਤੀ ਮਿਤੀ	ਪ੍ਰਕਾਸ਼ਨ ਦੀ ਮਿਤੀ
ਡਾਊਨਲੋਡ ਕਰਨ ਦੀ ਆਖਰੀ ਮਿਤੀ	17.11.2026, 11.30 ਵਜੇ ਤੱਕ।
ਬੋਲੀ ਜਮ੍ਹਾਂ ਕਰਨ ਦੀ ਆਖਰੀ ਮਿਤੀ/ਸਮਾਂ	17.11.2026, 11.30 ਵਜੇ ਤੱਕ।
ਬੋਲੀਆਂ ਖੋਲ੍ਹਣ ਦੀ ਮਿਤੀ/ਸਮਾਂ	19.11.2026 ਨੂੰ 11.30 ਵਜੇ
2. ਟੈਂਡਰ ਦੀ ਕਿਸਮ/ਟੀਈ ਨੰ.	ਖੁੱਲ੍ਹਾ ਟੈਂਡਰ/STQ-2106
ਟੈਂਡਰ ਦੇਣ ਵਾਲੇ ਦਫ਼ਤਰ ਦਾ ਨਾਮ ਅਤੇ ਪੂਰਾ ਪਤਾ	ਮੁੱਖ ਇੰਜੀਨੀਅਰ/ਟੀ.ਐਸ., ਤੀਜੀ ਮੰਜ਼ਿਲ, ਸ਼ਕਤੀ ਸਦਨ, ਪੀਐਸਟੀਸੀਐਲ, ਪਟਿਆਲਾ।
ਕੰਮ ਦਾ ਘੇਰਾ	220/132 KV ਟਰਾਂਸਮਿਸ਼ਨ ਸਿਸਟਮ ਲਈ ਸਬ-ਸਟੇਸ਼ਨ/ਲਾਈਨ ਹਾਰਡਵੇਅਰ ਫਿਟਿੰਗਜ਼ ਦੇ ਡਿਜ਼ਾਈਨ, ਨਿਰਮਾਣ, ਟੈਸਟਿੰਗ, ਸਪਲਾਈ ਅਤੇ ਡਿਲੀਵਰੀ ਲਈ ਸਪੈਸੀਫਿਕੇਸ਼ਨਾਂ।
ਡਾਊਨਲੋਡ ਕਰਨ ਦੀ ਸ਼ੁਰੂਆਤੀ ਮਿਤੀ	ਪ੍ਰਕਾਸ਼ਨ ਦੀ ਮਿਤੀ
ਡਾਊਨਲੋਡ ਕਰਨ ਦੀ ਆਖਰੀ ਮਿਤੀ	07.12.2026, 11.00 ਵਜੇ ਤੱਕ।
ਬੋਲੀ ਜਮ੍ਹਾਂ ਕਰਨ ਦੀ ਆਖਰੀ ਮਿਤੀ/ਸਮਾਂ	07.12.2026, ਸਵੇਰੇ 11.00 ਵਜੇ ਤੱਕ।
ਬੋਲੀਆਂ ਖੋਲ੍ਹਣ ਦੀ ਮਿਤੀ/ਸਮਾਂ	09.12.2026 ਨੂੰ 11.00 ਵਜੇ

ਵਿਸਤ੍ਰਿਤ NIT/ਸਪੈਸੀਫਿਕੇਸ਼ਨਾਂ ਨੂੰ PSTCL ਈ-ਟੈਂਡਰਿੰਗ ਵੈੱਬਸਾਈਟ https://eproc.punjab.gov.in.nicgep/app ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਜੇਕਰ ਕੋਈ ਸ਼ੁੱਧੀਕਰਨ ਹੈ ਤਾਂ ਉਹ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ। ਇਸ ਲਈ ਅੱਪਡੇਟ ਲਈ ਵੈੱਬਸਾਈਟ ਨੂੰ ਨਿਯਮਿਤ ਤੌਰ ’ਤੇ ਦੇਖਿਆ ਜਾ ਸਕਦਾ ਹੈ।

ਸਹੀ/-
ਏਐਸਈ/ਟੀਐਸ-2,
DPR/Pb1078/12/2026-27/16762 **ਪੀਐਸਟੀਸੀਐਲ, ਪਟਿਆਲਾ।**

J&K Bank
Serving To Empower

ਜੰਮੂ ਐਂਡ ਕਸ਼ਮੀਰ ਬੈਂਕ ਲਿਮ.
ਇੰਪੇਅਰਡ ਐਸਟਸ ਪੋਰਟਫੋਲੀਓ ਮੈਨੇਜਮੈਂਟ ਡਿਪਾਰਟਮੈਂਟ, ਜ਼ੋਨਲ ਦਫ਼ਤਰ: ਕਠੂਆ (ਜੇ ਐਂਡ ਕੇ),
ਫੋਨ: +91-1922-238586, Email: amid.zojtwo@jkbmail.com
ਰਜਿਸਟਰਡ ਦਫ਼ਤਰ: ਕਾਰਪੋਰੇਟ ਹੈੱਡਕੁਆਰਟਰਜ਼ ਐਮ.ਏ. ਰੋਡ, ਸ੍ਰੀਨਗਰ 190001 ਕਸ਼ਮੀਰ, ਭਾਰਤ
T +91 (0)194 2481 930-35, F +91 (0)194 248 1928
CIN: L65110JK1938SGC000048 E: info@jkbmail.com, W: www.jkbank.net

ਕਬਜ਼ਾ ਸੂਚਨਾ

ਜਦੋਂਕਿ ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐਸਟਸ ਐਂਡ ਐਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ (ਸਰਫੇਸੀ) ਐਕਟ, 2002 ਅਧੀਨ **“ਜੰਮੂ ਐਂਡ ਕਸ਼ਮੀਰ ਬੈਂਕ ਲਿਮ.”** ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਨਿਯਮ-3 ਨਾਲ ਪੜ੍ਹੀ ਜਾਣ ਵਾਲੀ ਧਾਰਾ 13(2) ਅਧੀਨ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨਹਸਤਾਖਰੀ ਵੱਲੋਂ ਹੇਠ ਲਿਖੇ ਕਰਜ਼ਦਾਰਾਂ/ਗਾਰੰਟਰਾਂ ਨੂੰ ਸੱਦਾ ਦਿੰਦੇ ਹੋਏ ਡਿਮਾਂਡ ਨੋਟਿਸ ਜਾਰੀ ਕੀਤਾ ਗਿਆ, ਜਿਸ ਦੇ ਤਹਿਤ ਇਨ੍ਹਾਂ ਨੂੰ ਉਕਤ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਬੈਂਕ ਨੂੰ ਰਕਮ ਦਾ ਭੁਗਤਾਨ ਕਰਨ ਦਾ ਨੋਟਿਸ ਦਿੱਤਾ ਗਿਆ ਹੈ।

ਕਰਜ਼ਦਾਰ ਰਕਮ ਦਾ ਭੁਗਤਾਨ ਕਰਨ ਵਿਚ ਅਸਫਲ ਰਹੇ ਹਨ। ਵਿਸ਼ੇਸ਼ ਤੌਰ ’ਤੇ ਸਬੰਧਤ ਕਰਜ਼ਦਾਰ ਅਤੇ ਖਾਸੋ-ਆਮ ਨੂੰ ਬਾਕਾਇਦਾ ਸੂਚਿਤ ਕੀਤਾ ਜਾਂਦਾ ਹੈ ਕਿ ਜੇ ਐਂਡ ਕੇ ਬੈਂਕ ਦੇ ਅਧਿਕਾਰਤ ਅਫਸਰ ਵੱਲੋਂ ਦੱਸੀ ਗਈ ਮਿਤੀ ਨੂੰ ਉਕਤ ਨਿਯਮਾਂ ਦੇ ਨਿਯਮ-8 ਅਤੇ 6 ਨਾਲ ਪੜ੍ਹੇ ਜਾਣ ਵਾਲੇ ਉਕਤ ਐਕਟ ਦੀ ਧਾਰਾ 13(4) ਅਧੀਨ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠ ਦਰਸਾਈ ਪ੍ਰਾਪਰਟੀ ਦਾ **ਸਿੰਬੋਲਿਕ ਕਬਜ਼ਾ** ਲੈ ਲਿਆ ਗਿਆ ਹੈ।

ਕਰਜ਼ਦਾਰ ਨੂੰ ਖਾਸ ਤੌਰ ’ਤੇ ਅਤੇ ਆਮ ਜਨਤਾ ਨੂੰ ਬਾਕਾਇਦਾ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਪ੍ਰਾਪਰਟੀ/ਪ੍ਰਾਪਰਟੀਆਂ ਦੇ ਸਬੰਧ ਵਿਚ ਲੈਣ-ਦੇਣ ਨਾ ਕਰਨ ਅਤੇ ਇਸ ਪ੍ਰਾਪਰਟੀ/ਪ੍ਰਾਪਰਟੀਆਂ ਪ੍ਰਤੀ ਕਿਸੇ ਵੀ ਲੈਣ-ਦੇਣ ਦੀ ਸੂਰਤ ਵਿਚ ਬੈਂਕ ਵੱਲੋਂ ਕੀਤੇ ਗਏ/ਕੀਤੇ ਜਾਣ ਵਾਲੇ ਹੋਰ ਚਾਰਜਿਜ਼/ਖਰਚਿਆਂ ਅਤੇ ਬਣਦੇ ਵਿਆਜ ਸਹਿਤ ਬਣਦੀ ਰਾਸ਼ੀ ਦਾ ਭੁਗਤਾਨ **ਜੇ ਐਂਡ ਕੇ ਬੈਂਕ ਲਿਮਟਿਡ** ਨੂੰ ਕਰਨਾ ਪਵੇਗਾ।

ਕਰਜ਼ਦਾਰਾਂ ਦਾ ਧਿਆਨ ਸੁਰੱਖਿਅਤ ਅਸਾਸਿਆਂ ਨੂੰ ਰੀਡੀਮ ਕਰਨ ਲਈ ਸੁਲੱਭ ਸਮੇਂ ਦੇ ਸਬੰਧ ਵਿਚ ਉਕਤ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਬ੍ਰਾਂਚ ਦਾ ਨਾਂ	ਕਰਜ਼ਦਾਰ/ਗਾਰੰਟਰ/ਮੋਰਟਗੇਜਰ ਦਾ ਨਾਂ ਤੇ ਪਤਾ	ਡਿਮਾਂਡ ਨੋਟਿਸ ਦੀ ਮਿਤੀ ਤੇ ਰਾਸ਼ੀ	ਮੌਜੂਦਾ ਦੇਣਦਾਰੀ ਅਤੇ ਸਿੰਬੋਲਿਕ ਕਬਜ਼ੇ ਦੀ ਮਿਤੀ
ਬੀਯੂ ਫਿਰੋਜ਼ਪੁਰ	1. **ਮੈਸਰਜ਼ ਰਾਜੀਵ ਦੀਪਕ ਕਮਿਸ਼ਨ ਏਜੰਟ** ਦਾਣਾ ਮੰਡੀ ਮਮਦੋਟ ਉੱਤਰ ਫਿਰੋਜ਼ਪੁਰ, ਪੰਜਾਬ-152023 ਵਿਖੇ ਸਥਿਤ, ਆਪਣੇ ਪ੍ਰੋਪ. ਸ੍ਰੀ ਰਾਜੀਵ ਚੋਪੜਾ ਪੁੱਤਰ ਜਗਦੀਸ਼ ਲਾਲ ਚੋਪੜਾ (ਕਰਜ਼ਾ ਲੈਣ ਵਾਲੀ ਫਰਮ), 2. ਸ੍ਰੀ ਰਾਜੀਵ ਚੋਪੜਾ ਪੁੱਤਰ ਜਗਦੀਸ਼ ਲਾਲ ਚੋਪੜਾ, ਵਾਸੀ ਪ੍ਰੇਮ ਨਗਰ, ਨੇੜੇ ਬਸਤੀ ਪਠਾਣਾਂ ਵਾਲੀ, ਵੀ.ਪੀ.ਓ. ਮਮਦੋਟ, ਮਮਦੋਟ ਉੱਤਰ ਫਿਰੋਜ਼ਪੁਰ, ਪੰਜਾਬ-152023 (ਕਰਜ਼ਦਾਰ ਅਤੇ ਮੋਰਟਗੇਜਰ), 3. ਸ੍ਰੀ ਰਾਜ ਕੁਮਾਰ ਪੁੱਤਰ ਪਿਆਰੇ ਲਾਲ, ਵਾਸੀ ਖੁੰਡੇਰ ਉੱਤਰ ਮਮਦੋਟ, ਉੱਤਰ ਮਮਦੋਟ, ਫਿਰੋਜ਼ਪੁਰ, ਪੰਜਾਬ-152023, **ਇਸ ਤੋਂ ਇਲਾਵਾ:** ਵੀ.ਪੀ.ਓ. ਖੁੰਡੇ ਉਤਾੜ, ਤਹਿਸੀਲ ਗੁਰੂਹਰਸਹਾਏ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-152023 (ਗਾਰੰਟਰ), 4. ਸ੍ਰੀ ਅਸ਼ੋਕ ਕੁਮਾਰ ਪੁੱਤਰ ਬੂੜ ਚੰਦ ਵਾਸੀ ਖੁੰਦਰ ਉੱਤਰ ਮਮਦੋਟ, ਉੱਤਰ ਮਮਦੋਟ, ਫਿਰੋਜ਼ਪੁਰ, (ਪੰਜਾਬ)-152023, **ਇਥੇ ਵੀ:** ਵੀ.ਪੀ.ਓ. ਖੁੰਡੇ ਉਤਾੜ, ਤਹਿਸੀਲ ਗੁਰੂਹਰਸਹਾਏ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-152023 (ਗਾਰੰਟਰ)	04.06.2026 Rs. 13,50,372.50 as on 31.05.2026 together with the future interest and other charges thereon.	Rs. 13,95,550.50 together with future interest thereon from 01.10.2026 and other charges incurred or to be incurred. **30.10.2026**
ਸਕਿਓਰਿਟੀ ਦਾ ਵੇਰਵਾ			
ਰਾਜੀਵ ਚੋਪੜਾ ਪੁੱਤਰ ਜਗਦੀਸ਼ ਲਾਲ ਚੋਪੜਾ ਦੇ ਨਾਮ ’ਤੇ ਬਸਤੀ ਪਠਾਣਾਂ ਵਾਲੀ, ਤਹਿਸੀਲ ਮਮਦੋਟ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ ਵਿਖੇ ਸਥਿਤ ਖਸਰਾ ਨੰਬਰ 29/1(8-11) ਵਾਲੀ 19 ਮਰਲੇ ਜ਼ਮੀਨ ’ਤੇ ਨਿਰਮਾਣ ਸਹਿਤ ਵਪਾਰਕ ਪਲਾਟ ਦੀ ਮੋਰਟਗੇਜ।			
ਬੀਯੂ ਫਿਰੋਜ਼ਪੁਰ	1. ਸ੍ਰੀ ਰਾਜੀਵ ਚੋਪੜਾ ਪੁੱਤਰ ਜਗਦੀਸ਼ ਲਾਲ ਚੋਪੜਾ, ਨਿਵਾਸੀ ਵੀਪੀਓ ਮਮਦੋਟ, ਮਮਦੋਟ ਉੱਤਰ ਫਿਰੋਜ਼ਪੁਰ, ਪੰਜਾਬ-152023 (ਕਰਜ਼ਦਾਰ ਅਤੇ ਮੋਰਟਗੇਜਰ), 2. ਸ੍ਰੀਮਤੀ ਸਾਰਿਕਾ ਪਤਨੀ ਦੀਪਕ ਚੋਪੜਾ ਵਾਸੀ ਮਮਦੋਟ ਉੱਤਰ, ਮਮਦੋਟ, ਉੱਤਰ ਫਿਰੋਜ਼ਪੁਰ, ਪੰਜਾਬ-152023 (ਸਹਿ-ਕਰਜ਼ਦਾਰ), 3. ਸ੍ਰੀ ਰਾਜ ਕੁਮਾਰ ਪੁੱਤਰ ਪਿਆਰੇ ਲਾਲ ਵਾਸੀ ਖੁੰਦਰ ਉੱਤਰ ਮਮਦੋਟ, ਉੱਤਰ ਮਮਦੋਟ ਫਿਰੋਜ਼ਪੁਰ, ਪੰਜਾਬ-152023 (ਗਾਰੰਟਰ), 4. ਸ੍ਰੀ ਗੁਰਸਾਹਿਬ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਲੱਖੋ ਕੇ ਬਹਿਰਾਮ, ਫਿਰੋਜ਼ਪੁਰ, ਪੰਜਾਬ-152023 (ਗਾਰੰਟਰ)	01.06.2026 Rs. 23,39,194.58 as on 31.05.2026 together with the future interest and other charges thereon.	Rs. 24,19,972.58 together with future interest thereon from 01.10.2026 and other charges incurred or to be incurred. **30.10.2026**
ਸਕਿਓਰਿਟੀ ਦਾ ਵੇਰਵਾ			
ਖੇਵਟ ਨੰਬਰ 194, ਖਤੌਨੀ ਨੰਬਰ 361, ਰੈਕਟ ਨੰਬਰ 16, ਕਿੱਲਾ ਨੰਬਰ 2/2 (3-12), ਮਮਦੋਟ ਉੱਤਰ, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਖੇਤਰ ਵਿਚ ਸਥਿਤ, ਰਾਜੀਵ ਚੋਪੜਾ ਪੁੱਤਰ ਜਗਦੀਸ਼ ਲਾਲ ਦੇ ਨਾਮ ’ਤੇ 3 ਕਨਾਲ 12 ਮਰਲੇ ਜ਼ਮੀਨ ਵਿਚੋਂ 50/648 ਹਿੱਸੇ ਦੇ ਤੌਰ ’ਤੇ 05 ਮਰਲਾ 05 ਸਰਸਈ ਵਾਲੇ ਪਲਾਟ ’ਤੇ ਨਿਰਮਤ ਦੁਕਾਨ/ਬਿਲਡਿੰਗ ਸਿੰਗਲ ਸਟੋਰੀ ਸਹਿਤ ਜ਼ਮੀਨ ਦੀ ਮੋਰਟਗੇਜ।			

ਮਿਤੀ: 30.10.2026 **ਸਥਾਨ: ਫਿਰੋਜ਼ਪੁਰ (ਪੰਜਾਬ)** **ਅਧਿਕਾਰਤ ਅਫਸਰ**

pnb
ਪੰਜਾਬ ਨੈਸ਼ਨਲ ਬੈਂਕ
..... ਤੁਹਾਡੇ ਭਰੋਸੇ ਦਾ ਪ੍ਰਤੀਕ
ਐਸਟ ਰਿਕਵਰੀ ਮੈਨੇਜਮੈਂਟ ਬ੍ਰਾਂਚ (ਏਆਰਐਮਬੀ)
ਐਸਸੀਓ 60-61, ਫਸਟ ਫਲੋਰ, ਬੈਂਕ ਸੁਕੇਅਰ, ਸੈਕਟਰ-17-ਬੀ, ਚੰਡੀਗੜ੍ਹ-160017, ਈਮੇਲ: cs8214@pnb.bank.in

ਅਚੱਲ ਅਸਾਸਿਆਂ ਦੀ ਵਿਕਰੀ ਲਈ ਵਿਕਰੀ ਸੂਚਨਾ
ਸੁਰੱਖਿਅਤ ਕ੍ਰੈਡਿਟਰਾਂ ਦੀ ਜਾਣਕਾਰੀ ਵਿਚ ਦੇਣਦਾਰੀ ਦਾ ਵੇਰਵਾ - ਮਾਲੂਮ ਨਹੀਂ

ਸਿਕਿਓਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐਸਟਸ ਐਂਡ ਐਨਫੋਰਸਮੈਂਟ ਆਫ ਸਿਕਿਓਰਿਟੀ ਇੰਟਰਸਟ ਐਕਟ 2002, ਜੋ ਕਿ ਸਿਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਨਿਯਮ 6 ਅਤੇ 9 ਨਾਲ ਪੜ੍ਹੇ ਜਾਣ ਵਾਲੇ ਨਿਯਮ 6(2) ਅਤੇ 8(6)/9(1) ਦੇ ਉਪਬੰਧਾਂ ਦੇ ਨਾਲ ਪੜ੍ਹਿਆ ਜਾਂਦਾ ਹੈ, ਦੇ ਤਹਿਤ ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਕਰਕੇ ਕਰਜ਼ਦਾਰ (ਆਂ) ਅਤੇ ਗਾਰੰਟਰ (ਆਂ) ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਹੇਠਾਂ ਦੱਸੀ ਗਈ ਅਚੱਲ ਜਾਇਦਾਦ (ਆਂ) ਜੋ ਕਿ ਸੁਰੱਖਿਅਤ ਲੈਣਦਾਰ ਨੂੰ ਮਾਰਟਗੇਜ/ਗਿਰਵੀ/ਚਾਰਜ ਕੀਤੀ ਗਈ ਹੈ, ਜਿਸ ਦੀ ਰਚਨਾਤਮਕ/ਭੌਤਿਕ (ਜੋ ਵੀ ਲਾਗੂ ਹੋਵੇ) ਕਬਜ਼ਾ ਬੈਂਕ/ਸੁਰੱਖਿਅਤ ਲੈਣਦਾਰ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਨੂੰ ਹੇਠਾਂ ਦਿੱਤੇ ਟੇਬਲ ਵਿਚ ਦਰਸਾਈ ਗਈ ਮਿਤੀ ਨੂੰ **“ਜਿਵੇਂ ਹੈ ਜਿੱਥੇ ਹੈ”, “ਜਿਵੇਂ ਹੈ ਜੋ ਹੈ”** ਅਤੇ **“ਜੋ ਵੀ ਹੈ”** ਆਧਾਰ ’ਤੇ ਵੇਚਿਆ ਜਾਵੇਗਾ ਤਾਂ ਜੋ ਹੇਠ ਦਰਸਾਏ ਕਰਜ਼ਦਾਰ/ਮੋਰਟਗੇਜਰ ਅਤੇ ਗਾਰੰਟਰਾਂ ਤੋਂ ਪੰਜਾਬ ਨੈਸ਼ਨਲ ਬੈਂਕ ਸੁਰੱਖਿਅਤ ਕ੍ਰੈਡਿਟਰ ਕੋਲ ਡਿਊ ਹੇਠ ਦਰਸਾਈ ਰਕਮ ਵਸੂਲ ਕੀਤੀ ਜਾ ਸਕੇ। ਗਿਆਤ ਰਿਣਭਾਰ, ਜੇਕਰ ਕੋਈ ਹੋਵੇ, ਸਹਿਤ ਚੱਲ/ਅਚੱਲ ਪ੍ਰਾਪਰਟੀ ਦਾ ਸੰਖੇਪ ਵੇਰਵਾ ਹੇਠ ਅਨੁਸਾਰ ਦਰਸਾਇਆ ਗਿਆ ਹੈ।

QR Code of Baanknet

ਸੁਰੱਖਿਅਤ ਜਾਇਦਾਦ ਦੀ ਵਿਕਰੀ ਦਾ ਸ਼ੈਡਿਊਲ

ਲਾਟ ਨੰ.	ਸ਼ਾਖਾ ਦਾ ਨਾਮ / ਖਾਤੇ ਦਾ ਨਾਮ / ਕਰਜ਼ਦਾਰ/ਗਾਰੰਟਰਾਂ ਦੇ ਨਾਮ ਅਤੇ ਪਤੇ	ਅਚੱਲ ਗਿਰਵੀ ਰੱਖੀ ਜਾਇਦਾਦ ਦਾ ਵੇਰਵਾ ਅਤੇ ਮਾਲਕ (ਮਾਲਕਾਂ)/ਗਿਰਵੀ ਰੱਖਣ ਵਾਲਿਆਂ ਦਾ ਨਾਮ	(ਏ) ਡਿਮਾਂਡ ਨੋਟਿਸ ਦੀ ਮਿਤੀ / (ਬੀ) ਬਕਾਇਆ ਰਕਮ / (ਸੀ) ਕਬਜ਼ੇ ਦੀ ਮਿਤੀ / (ਡੀ) ਕਬਜ਼ੇ ਦੀ ਪ੍ਰਕਿਰਤੀ	ਰਿਜ਼ਰਵ ਕੀਮਤ / ਬਿਆਨਾ ਰਕਮ ਜਮ੍ਹਾਂ (EMD) / ਬੋਲੀ ਵਧਾਉਣ ਦੀ ਰਕਮ	ਈ-ਨਿਲਾਮੀ ਦੀ ਮਿਤੀ ਤੇ ਸਮਾਂ	ਸੁਰੱਖਿਅਤ ਕ੍ਰੈਡਿਟਰਜ਼ ਕੋਲ ਗਿਆਤ ਕਿਸੇ ਵੀ ਰਿਣਭਾਰ ਦਾ ਵੇਰਵਾ
1	**ਸ਼ਾਖਾ: ਏਆਰਐਮਬੀ, ਸੈਕਟਰ 17-ਬੀ, ਚੰਡੀਗੜ੍ਹ** / **ਮੈਸਰਜ਼ ਰੈਡਿਸਕੋ (Rdesco) ਐਗਰੋ ਫੂਡਜ਼** / **ਮੈਸਰਜ਼ ਰੈਡਿਸਕੋ ਐਗਰੋ ਫੂਡਜ਼** ਆਪਣੀ ਮਾਲਕ **ਸ੍ਰੀਮਤੀ ਅਨੁਪਮ ਗਰਗ** ਰਾਹੀਂ ਰਜਿਸਟਰਡ ਆਫਿਸ: ਫਲੈਟ ਨੰਬਰ ਸੀ-42, ਚੌਥੀ ਮੰਜ਼ਿਲ ਉੱਪਲ ਮਾਰਬਲ ਆਰਚ ਮਨੀਮਾਜਰਾ, ਚੰਡੀਗੜ੍ਹ ਪਿੰਨ-160101, **ਵਰਕਸ:** ਫੋਕਲ ਪੁਆਇੰਟ ਦੇ ਸਾਹਮਣੇ, ਵੀਪੀਓ ਬੱਲੂਆਣਾ ਮਲੋਟ ਰੋਡ, ਅਬੋਹਰ (ਪੰਜਾਬ)-152117, ਸ੍ਰੀਮਤੀ ਅਨੁਪਮ ਗਰਗ (ਪ੍ਰੋਪਰਾਈਟਰ) ਵਾਸੀ ਫਲੈਟ ਨੰ. ਸੀ-42, ਚੌਥੀ ਮੰਜ਼ਿਲ, ਉੱਪਲ ਮਾਰਬਲ ਆਰਚ, ਮਨੀਮਾਜਰਾ ਚੰਡੀਗੜ੍ਹ, ਪਿੰਨ-160101, **ਸ੍ਰੀ ਰਾਮ ਦਿਆਲ ਗਰਗ ਪੁੱਤਰ ਸ੍ਰੀ ਮਨੋਹਰ ਲਾਲ (ਗਾਰੰਟਰ)** ਵਾਸੀ: ਫਲੈਟ ਨੰਬਰ ਸੀ-42, ਚੌਥੀ ਮੰਜ਼ਿਲ ਉੱਪਲ ਮਾਰਬਲ ਆਰਚ ਮਨੀਮਾਜਰਾ, ਚੰਡੀਗੜ੍ਹ ਪਿੰਨ-160101, **ਸ੍ਰੀ ਉਮੇਸ਼ ਗਰਗ ਪੁੱਤਰ ਸ੍ਰੀ ਰਾਮ ਦਿਆਲ ਗਰਗ (ਗਾਰੰਟਰ)** ਵਾਸੀ: ਫਲੈਟ ਨੰਬਰ ਸੀ-42, ਚੌਥੀ ਮੰਜ਼ਿਲ ਉੱਪਲ ਮਾਰਬਲ ਆਰਚ ਮਨੀਮਾਜਰਾ, ਚੰਡੀਗੜ੍ਹ ਪਿੰਨ-160101	Property ID: PUNB23A25683097 ਫੈਕਟਰੀ ਜ਼ਮੀਨ ਅਤੇ ਇਮਾਰਤ ਮਾਪ 29 ਕਨਾਲ 16 ਮਰਲੇ ਵੇਰਵਾ ਹੇਠ ਅਨੁਸਾਰ (1) ਜ਼ਮੀਨ ਦੀ ਮਾਪ 22 ਕਨਾਲ 02 ਮਰਲੇ ਜੋ ਕਿ ਰੈਕਟ ਨੰ. 129 ਕਿੱਲਾ ਨੰ. 4/1(7-14), 7/2(7-1), 8(7-7) ਖੇਵਟ ਨੰ. 264 ਖਤੌਨੀ ਨੰ. 403 ਵਿਚ ਸ਼ਾਮਲ ਅਤੇ (2) ਖੇਵਟ ਨੰ. 958 ਵਿਚ ਸ਼ਾਮਲ 08 ਕਨਾਲ 00 ਮਰਲੇ ਦੀ ਕੁੱਲ ਜ਼ਮੀਨ ਦਾ 126/131 ਹਿੱਸਾ 07 ਕਨਾਲ 14 ਮਰਲੇ ਜ਼ਮੀਨ ਦਾ ਮਾਪ ਹੈ। ਸਾਲ 2020-21 ਲਈ ਜਮ੍ਹਾਂਬੰਦੀ ਅਨੁਸਾਰ ਪਿੰਡ ਬੱਲੂਆਣਾ ਤਹਿਸੀਲ ਅਬੋਹਰ ਦੀ ਮਾਲੀਆ ਅਸਟੇਟ ਦੇ ਅੰਦਰ ਸਥਿਤ, ਵਿਕਰੀ ਡੀਡ ਨੰਬਰ 4186 ਮਿਤੀ 10.09.2008 ਦੇ ਤਹਿਤ ਸ੍ਰੀਮਤੀ ਅਨੁਪਮ ਗਰਗ ਪਤਨੀ ਸ੍ਰੀ ਰਾਮ ਦਿਆਲ ਗਰਗ ਦੇ ਨਾਮ ’ਤੇ (ਐਨਈਸੀ ਮਿਤੀ 04.12.2025 ਦੇ ਅਨੁਸਾਰ ਵਿਨੋਦ ਕੁਮਾਰ ਬੇਰੀ ਦੁਆਰਾ ਜ਼ਮੀਨ ਦਾ ਰਕਬਾ 29 ਕਨਾਲ 15.89 ਮਰਲੇ)	a) Date of 13(2): 21.09.2021 b) Rs. 9,07,59,401.37 plus further interest w.e.f. 01.09.2021 plus costs incurred, less recovery, if any c) Date of 13(4): 27.01.2022 d) Nature of Possession: Physical Date: 06.08.2024	RP: Rs. 2,13,76,800/- EMD: Rs. 21,37,680/- Bid increase amount Rs. 2,15,000/-	26.11.2026 11:00 AM to 4:00 P.M.	OA/1198/2022 PNB V/s M/s Rdesco Agro Food at DRT-2 Chandigarh DRT SA 338/2024 M/s Rdesco Ago V/s PNB at DRT-2, Chandigarh

(ਜੀਐਸਟੀ, ਜੇਕਰ ਉਪਰੋਕਤ ਕਿਸੇ ਵੀ ਜਾਇਦਾਦ ’ਤੇ ਲਾਗੂ ਹੁੰਦਾ ਹੈ, ਤਾਂ ਇਸਦਾ ਭੁਗਤਾਨ ਸਫਲ ਬੋਲੀਦਾਤਾ ਨੂੰ ਕਰਨਾ ਪਵੇਗਾ)

ਟਿੱਪਣੀ: ਸਾਰੀ ਪ੍ਰਾਪਰਟੀ ਲਈ ਸੰਪਰਕ ਵਿਅਕਤੀ: ਪੰਜਾਬ ਨੈਸ਼ਨਲ ਬੈਂਕ
ਅਧਿਕਾਰਤ ਅਧਿਕਾਰੀ: ਸ੍ਰੀ ਨਰਿੰਦਰ ਪਾਲ ਸਿੰਘ, ਮੁੱਖ ਪ੍ਰਬੰਧਕ, ਏਆਰਐਮਬੀ, ਚੰਡੀਗੜ੍ਹ, ਮੋਬਾਈਲ ਨੰ: 8872042230

ਈ-ਨਿਲਾਮੀ ਵਿਕਰੀ ਦੀਆਂ ਸ਼ਰਤਾਂ ਅਤੇ ਪ੍ਰਤੀਬੰਧ: ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਵਿਚ ਵਰਣਤ ਸ਼ਰਤਾਂ ਤੇ ਪ੍ਰਤੀਬੰਧਾਂ ਅਤੇ ਨਿਮਨ ਸ਼ਰਤਾਂ ਦੇ ਉਪਰ ਆਧਾਰਤ ਹੋਵੇਗੀ। (1) ਉਕਤ ਦਰਸਾਏ ਸ਼ੈਡਿਊਲ ਵਿਚ ਵਰਣਤ ਸੁਰੱਖਿਅਤ ਅਸਾਸਿਆਂ ਦੇ ਵੇਰਵੇ ਅਧਿਕਾਰਤ ਅਫਸਰ ਦੀ ਮੁਕੰਮਲ ਜਾਣਕਾਰੀ ਦੇ ਅਨੁਰੂਪ ਸਹੀ ਹਨ, ਪ੍ਰੰਤੂ ਅਧਿਕਾਰਤ ਅਫਸਰ ਦੀ ਇਸ ਉਦਘੋਸ਼ਣਾ ਵਿਚ ਕਿਸੇ ਵੀ ਤਰ੍ਹਾਂ ਦੀ ਗਲਤੀ, ਭੁੱਲ-ਚੁੱਕ ਜਾਂ ਗਲਤ ਬਿਆਨੀ ਲਈ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। (2) ਅਧਿਕਾਰਤ ਅਫਸਰ ਜਾਂ ਬੈਂਕ ਪ੍ਰਾਪਰਟੀਜ਼ (ਈ-ਨਿਲਾਮੀ ਵਾਲੀ) ਦੇ ਸਬੰਧ ਵਿਚ ਸਰਕਾਰ ਜਾਂ ਕਿਸੇ ਹੋਰ ਲਈ ਬਕਾਇਆ ਕਿਸੇ ਵੀ ਬਕਾਇਆ ਰਕਮ, ਦੇਣਦਾਰੀ, ਚਾਰਜ ਜਾਂ ਲੀਅਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ। ਇਹ ਨਿਲਾਮੀ ਦੇਣ ਵਾਲੇ ਬੋਲੀਦਾਤਾ ਦੀ ਡਿਊਟੀ ਹੋਵੇਗੀ ਕਿ ਉਹ ਬੋਲੀ ਦੇਣ ਤੋਂ ਪਹਿਲਾਂ ਹੋਰ ਵਿਧਾਨਕ ਬੰਧਨਾਂ ਵਾਲੇ ਪ੍ਰਾਪਰਟੀ ਟੈਕਸ, ਵਾਟਰ ਅਤੇ ਸੈਨੀਟੇਸ਼ਨ ਟੈਕਸ, ਬਿਜਲੀ ਬਕਾਇਆ, ਕਾਨੂੰਨੀ ਦੇਣਦਾਰੀ ਸਹਿਤ ਪ੍ਰਾਪਰਟੀ ਉਤੇ ਕਿਸੇ ਵੀ ਦੇਣਦਾਰੀ ਜਾਂ ਕਿਸੇ ਹੋਰ ਟੈਕਸ ਆਦਿ ਬਕਾਇਆ, ਜੇਕਰ ਹੋਵੇ, ਸਹਿਤ ਸਾਰੇ ਦਸਤਾਵੇਜ਼ਾਂ ਦੀ ਜਾਂਚ ਕਰਨਾ। (3) ਰਜਿਸਟਰੇਸ਼ਨ ਚਾਰਜਿਜ਼, ਸਟੈਂਪ ਡਿਊਟੀ ਟੈਕਸਾਂ ਆਦਿ ਸਹਿਤ ਸਾਰੇ ਵਿਧਾਨਕ ਬਕਾਇਆਂ/ਅਟੈਂਡੈਂਟ ਖਰਚਿਆਂ/ਹੋਰ ਬਕਾਇਆਂ ਦਾ ਭੁਗਤਾਨ ਖਰੀਦਦਾਰ ਨੂੰ ਕਰਨਾ ਪਵੇਗਾ। ਜੇਕਰ ਬੋਲੀਦਾਤਾ ਦੇ ਨਾਂ ’ਤੇ ਆਈ.ਪੀ. ਦੀ ਰਜਿਸਟਰੇਸ਼ਨ ਲਈ ਲੋੜੀਂਦੀ ਕੋਈ ਵੀ ਪ੍ਰਾਪਰਟੀ ਆਈ.ਡੀ./ਐਨ.ਓ.ਸੀ./ਕਲੀਅਰੈਂਸ/ਕੋਈ ਹੋਰ ਰਸਮ ਹੋਵੇ ਤਾਂ ਉਸ ਦਾ ਖਰਚਾ ਵੀ ਬੋਲੀਦਾਤਾ ਨੂੰ ਕਰਨਾ ਪਵੇਗਾ। ਜੇਕਰ ਆਈ.ਪੀ. ਨੂੰ ਸਿੰਬੋਲਿਕ ਕਬਜ਼ੇ ’ਤੇ ਵੇਚਿਆ ਜਾਂਦਾ ਹੈ ਤਾਂ ਆਈ.ਪੀ ਦੇ ਭੌਤਿਕ ਕਬਜ਼ੇ ਨੂੰ ਡਿਲਵਰ ਕਰਨ ਦੀ ਬੈਂਕ ਦੀ ਜ਼ਿੰਮੇਵਾਰੀ ਨਹੀਂ ਹੋਵੇਗੀ। ਬੈਂਕ ਵਲੋਂ ਵਿਕਰੀ ਤੋਂ ਬਾਅਦ ਆਈ.ਪੀ ਦਾ ਸਿਰਫ਼ ਸਿੰਬੋਲਿਕ ਕਬਜ਼ਾ ਦਿੱਤਾ ਜਾਵੇਗਾ। (4) ਇਹ ਪ੍ਰਸਤਾਵਿਤ ਬੋਲੀਦਾਤਾ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਈ-ਨਿਲਾਮੀ ਦੀਆਂ ਸ਼ਰਤਾਂ ਅਤੇ ਪ੍ਰਤੀਬੰਧਾਂ, ਵਿਕਰੀ ਨੋਟਿਸ ਅਤੇ ਈ-ਨਿਲਾਮੀ ਦੇ ਆਪ੍ਰੇਸ਼ਨਲ ਪਾਰਟ ’ਤੇ ਹੈਲਪ ਮੈਨੂਅਲ ਨੂੰ ਚੰਗੀ ਤਰ੍ਹਾਂ ਪੜ੍ਹਨ ਅਤੇ ਉਨ੍ਹਾਂ ਦੀ ਪਾਲਣਾ ਕਰਨ। (5) ਬੋਲੀਦਾਤਾ ਉਚਿਤ ਇੰਟਰਨੈਟ ਕੁਨੈਕਟੀਵਿਟੀ, ਪਾਵਰ ਬੈਕਅਪ ਆਦਿ ਨੂੰ ਯਕੀਨੀ ਬਣਾਉਣ। ਬੈਂਕ ਈ-ਨਿਲਾਮੀ ਨੂੰ ਪ੍ਰਭਾਵਿਤ ਕਰਨ ਵਾਲੇ ਕਿਸੇ ਵੀ ਇੰਟਰਨੈਟ ਫੇਲਿਓਰ, ਪਾਵਰ ਫੇਲਿਓਰ ਜਾਂ ਤਕਨੀਕੀ ਕਾਰਨ ਜਾਂ ਕਾਰਨਾਂ/ਇਤਫਾਕੀਆ ਕਾਰਨਾਂ ਕਰਕੇ ਕਿਸੇ ਵੀ ਅੜਚਣ ਲਈ ਜ਼ਿੰਮੇਵਾਰ ਨਹੀਂ ਹੋਵੇਗਾ। (6) ਚਾਹਵਾਨ ਬੋਲੀਕਾਰਾਂ/ਖਰੀਦਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਈਮੇਲ ਆਈਡੀ ਤੇ ਮੋਬਾਈਲ ਨੰਬਰ ਦੀ ਵਰਤੋਂ ਕਰਦੇ ਹੋਏ ਪੋਰਟਲ (https://baanknet.com) ’ਤੇ ਖੁਦ ਨੂੰ ਰਜਿਸਟਰਡ ਕਰਵਾ ਸਕਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਲੋੜੀਂਦੇ ਕੇ.ਵਾਈ.ਸੀ. ਦਸਤਾਵੇਜ਼ਾਂ ਨੂੰ ਅਪਲੋਡ ਕਰ ਦੇਣ। ਇਕ ਵਾਰ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਵੱਲੋਂ ਕੇ.ਵਾਈ.ਸੀ. ਦਸਤਾਵੇਜ਼ਾਂ ਦੀ ਪੜਤਾਲ ਹੋ ਜਾਣ ’ਤੇ (ਦੋ ਕਾਰਜ ਦਿਵਸ ਹੋ ਸਕਦੇ ਹਨ) ਚਾਹਵਾਨ ਬੋਲੀਕਾਰ ਖਰੀਦਦਾਰ ਵੱਲੋਂ ਪੋਰਟਲ ’ਤੇ ਈ-ਨਿਲਾਮੀ ਦੀ ਮਿਤੀ ਤੇ ਸਮੇਂ ਤੋਂ ਪਹਿਲਾਂ ਆਪਣੇ ਗਲੋਬਲ ਈ.ਐਮ.ਡੀ. ਵਾਲੇਟ ਵਿਚ ਆਨਲਾਈਨ ਵਿਧੀ ਦੀ ਵਰਤੋਂ ਕਰਦੇ ਹੋਏ ਬਿਆਨਾ ਰਕਮ ਨੂੰ ਟਰਾਂਸਫਰ ਕੀਤਾ ਜਾਵੇ। ਰਜਿਸਟਰੇਸ਼ਨ, ਕੇਵਾਈਸੀ ਦਸਤਾਵੇਜ਼ਾਂ ਦੀ ਪੜਤਾਲ ਅਤੇ ਵਾਲੇਟ ਵਿਚ ਬਿਆਨਾ ਰਕਮ ਦੀ ਟਰਾਂਸਫਰ ਦਾ ਕੰਮ ਨਿਲਾਮੀ ਤੋਂ ਪਹਿਲਾਂ ਐਡਵਾਂਸ ਰੂਪ ਵਿਚ ਮੁਕੰਮਲ ਕਰ ਲਿਆ ਜਾਵੇ। (7) ਸਫਲ ਬੋਲੀਕਾਰ ਨੂੰ ਜਮ੍ਹਾਂ ਕਰਵਾਈ ਗਈ ਬਿਆਨਾ ਰਕਮ ਨੂੰ ਘਟਾ ਕਰਕੇ 25% ਬੋਲੀ ਰਕਮ ਉਸੇ ਦਿਨ ਜਾਂ ਅਗਲੇ ਕਾਰਜ ਦਿਵਸ ਤੱਕ ਅਤੇ ਬਾਕੀ ਰਹਿੰਦੀ ਰਕਮ ਨਿਲਾਮੀ ਮਿਤੀ ਤੋਂ 15 ਦਿਨਾਂ ਅੰਦਰ ਜਮ੍ਹਾਂ ਕਰਵਾਉਣੀ ਪਵੇਗੀ। (8) ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਤੇ ਪ੍ਰਤੀਬੰਧਾਂ ਲਈ ਕਿਰਪਾ ਕਰਕੇ ਹਵਾਲਾ ਕਰੋ- https://baanknet.com ਅਤੇ www.pnbindia.in ਜਾਂ ਸਾਡੇ ਦਫਤਰ ਨਾਲ ਸੰਪਰਕ ਕਰੋ- ਏਆਰਐਮਬੀ, ਚੰਡੀਗੜ੍ਹ, ਅਧਿਕਾਰਤ ਦਫਤਰ, ਈਮੇਲ ਆਈਡੀ: cs8214@pnb.bank.in.

ਸਰਫੇਸੀ ਐਕਟ ਦੇ ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼ 2002 ਦੇ ਨਿਯਮ 6 ਅਤੇ 9 ਨਾਲ ਪੜ੍ਹੇ ਜਾਣ ਵਾਲੇ ਨਿਯਮ 6(2) ਅਤੇ 8(6)/9(1) ਅਧੀਨ 15 ਦਿਨਾਂ ਦੀ ਵਿਧਾਨਕ ਵਿਕਰੀ ਸੂਚਨਾ।

ਮਿਤੀ: 03.11.2026 **ਅਧਿਕਾਰਤ ਅਫਸਰ,**
ਸਥਾਨ: ਚੰਡੀਗੜ੍ਹ **ਪੰਜਾਬ ਨੈਸ਼ਨਲ ਬੈਂਕ, ਏਆਰਐਮਬੀ, ਚੰਡੀਗੜ੍ਹ**